ਗਰੇਡ K-4 ਗਰਮੀਆਂ ਦੀ ਰੁੱਤ ਦੇ ਪੜਚੋਲਕਾਰ (ਐਕਸਪਲੋਰਰਜ)

K ਅਰਲੀ ਪੜਚੋਲਕਾਰ

ਇਸ ਪ੍ਰੋਗਰਾਮ ਨੂੰ ਕਿੰਡਰਗਾਰਟਨ ਵਿੱਚ ਦਾਖਲ ਹੋ ਰਹੇ ਜਾਂ ਇਸਨੂੰ ਹੁਣੇ ਹੁਣੇ ਸਮਾਪਤ ਕਰ ਰਹੇ ਵਿਦਿਆਰਥੀਆਂ ਦੀਆਂ ਸਿੱਖਣ ਦੀਆਂ ਵਿਸ਼ੇਸ਼ ਲੋੜਾਂ ਦੀ ਪੂਰਤੀ ਕਰਨ ਲਈ ਬਣਾਇਆ ਗਿਆ ਹੈ ਅਤੇ ਇਸਨੂੰ ਸਕੂਲੀ ਵਰ੍ਹੇ ਦੌਰਾਨ ਪੇਸ਼ ਕੀਤੇ ਗਏ ਪੜ੍ਹਨ, ਲਿਖਣ ਅਤੇ ਅੰਕ-ਗਣਿਤ ਵਿੱਚ ਬੁਨਿਆਦੀ ਹੁਨਰਾਂ ਨੂੰ ਮੁੜ-ਮਜ਼ਬੂਤ ਕਰਨ ਲਈ ਬਣਾਇਆ ਗਿਆ ਹੈ। ਸਾਖਰਤਾ ਅਤੇ ਅੰਕ-ਗਣਿਤ ਸਿੱਖਣ ਵਿੱਚ ਰੁੱਝੇ ਹੋਏ, ਵਿਦਿਆਰਥੀ ਅਸਲ-ਜੀਵਨ, ਅਤੇ ਤਜ਼ਰਬੇਕਾਰ ਮੌਕਿਆਂ ਦੇ ਨਾਲ ਪਾਠਕ੍ਰਮ ਤੋਂ ਮਿਲੇ ਸਿਧਾਂਤ ਦੀ ਪੜਚੋਲ ਕਰਨਗੇ। ਸਹਾਇਤਾ-ਪ੍ਰਾਪਤ ਸਮਾਜਕ ਅੰਤਰਕਿਰਿਆਵਾਂ ਵਾਸਤੇ ਉਤਸ਼ਾਹ ਦੇ ਨਾਲ, ਵਿਦਿਆਰਥੀ ਰੋਜ਼ਾਨਾ ਬਾਹਰੀ ਪੁੱਛਗਿੱਛ ਦੀਆਂ ਸਰਗਰਮੀਆਂ ਅਤੇ ਖੇਡ-ਆਧਾਰਿਤ ਸਿੱਖਿਆ ਵਿੱਚ ਵੀ ਭਾਗ ਲੈਣਗੇ।

ਮਜ਼ੇ ਲੈਣਾ, ਨਵੇਂ ਦੋਸਤ ਬਣਾਉਣਾ, ਅਤੇ ਸਾਖਰਤਾ ਅਤੇ ਅੰਕ-ਗਣਿਤ ਦੇ ਹੁਨਰਾਂ ਨੂੰ ਮਜ਼ਬੂਤ ਕਰਦੇ ਹੋਏ ਘਰੋਂ ਬਾਹਰ ਸਮੇਂ ਦਾ ਮਜ਼ਾ ਲੈਣਾ, ਸਾਡੇ 'ਕਿੰਡਰਗਾਰਟਨ ਅਰਲੀ ਐਕਸਪਲੋਰਰਜ਼ ਪ੍ਰੋਗਰਾਮ' ਦਾ ਕੇਂਦਰ-ਬਿੰਦੂ ਹੈ!

ਸਾਖਰਤਾ ਪੜਚੋਲਕਾਰੀ 1/2

ਇਹ ਪ੍ਰੋਗਰਾਮ ਉਹਨਾਂ ਵਿਦਿਆਰਥੀਆਂ ਵਾਸਤੇ ਪੜ੍ਹਨ, ਲਿਖਣ, ਅਤੇ ਜ਼ੁਬਾਨੀ ਭਾਸ਼ਾ ਦੇ ਹੁਨਰਾਂ ਨੂੰ ਖੁਸ਼ੀ-ਖੁਸ਼ੀ ਮਜ਼ਬੂਤ ਕਰਨ ਅਤੇ ਇਹਨਾਂ ਦੀ ਸਮੀਖਿਆ ਕਰਨ ਲਈ ਬਣਾਇਆ ਗਿਆ ਹੈ ਜਿੰਨ੍ਹਾਂ ਨੇ ਹੁਣੇ-ਹੁਣੇ ਆਪਣੇ ਗਰੇਡ 1 ਜਾਂ ਗਰੇਡ 2 ਸਕੂਲੀ ਵਰ੍ਹੇ ਨੂੰ ਪੂਰਾ ਕੀਤਾ ਹੈ। ਪਾਠਕ੍ਰਮ 'ਬਿੱਗ ਆਈਡੀਆਜ਼' ਦੀ ਪੜਚੋਲ ਵਿਸ਼ਾ ਖੇਤਰਾਂ ਜਿਵੇਂ ਕਿ ਵਿਗਿਆਨ, ਸਮਾਜਕ, ਅਤੇ ਕਲਾਵਾਂ ਦੇ ਏਕੀਕਰਨ ਰਾਹੀਂ ਕੀਤੀ ਜਾਵੇਗੀ। ਵਿਦਿਆਰਥੀਆਂ ਕੋਲ ਮਤਲਬ-ਭਰਪੂਰ, ਵਿਹਾਰਕ, ਸਾਖਰਤਾ ਸਰਗਰਮੀਆਂ ਰਾਹੀਂ ਵਿਸ਼ਿਆਂ ਦੀ ਪੜਚੋਲ ਕਰਨ ਦੇ ਮੌਕੇ ਹੋਣਗੇ। ਸਮਰਥਿਤ ਸਮਾਜਕ ਅੰਤਰਕਿਰਿਆਵਾਂ ਵਾਸਤੇ ਉਤਸ਼ਾਹ ਦੇ ਨਾਲ, ਵਿਦਿਆਰਥੀ ਰੋਜ਼ਾਨਾ ਚਾਰਦੀਵਾਰੀ ਤੋਂ ਬਾਹਰੀ ਪੁੱਛਗਿੱਛ ਅਤੇ ਖੇਡ-ਆਧਾਰਿਤ ਸਿੱਖਣ ਦੀਆਂ ਕਿਰਿਆਵਾਂ ਵਿੱਚ ਵੀ ਭਾਗ ਲੈਣਗੇ।

ਸਾਖਰਤਾ ਹੁਨਰਾਂ ਦਾ ਅਭਿਆਸ ਕਰਦੇ ਹੋਏ ਮਜ਼ਾ ਲੈਣਾ, ਨਵੇਂ ਦੋਸਤ ਬਣਾਉਣਾ, ਅਤੇ ਘਰੋਂ ਬਾਹਰ ਸਮੇਂ ਦਾ ਮਜ਼ਾ ਲੈਣਾ, ਸਾਡੇ ਸਾਖਰਤਾ ਪੜਚੋਲਾਂ ਗਰੇਡ 1/2 ਪ੍ਰੋਗਰਾਮ ਦਾ ਕੇਂਦਰ-ਬਿੰਦੂ ਹੈ!

ਸਾਖਰਤਾ ਪੜਚੋਲਕਾਰ 3/4

ਇਸ ਪ੍ਰੋਗਰਾਮ ਦਾ ਨਿਰਮਾਣ ਉਹਨਾਂ ਵਿਦਿਆਰਥੀਆਂ ਵਾਸਤੇ ਪੜ੍ਹਨ, ਲਿਖਣ, ਅਤੇ ਜ਼ੁਬਾਨੀ ਭਾਸ਼ਾ ਦੇ ਹੁਨਰਾਂ ਨੂੰ ਖੁਸ਼ੀ-ਖੁਸ਼ੀ ਮੁੜ-ਮਜ਼ਬੂਤ ਕਰਨ ਲਈ ਕੀਤਾ ਗਿਆ ਹੈ ਜਿੰਨ੍ਹਾਂ ਨੇ ਹੁਣੇ ਹੁਣੇ ਗਰੇਡ 3 ਜਾਂ 4 ਨੂੰ ਪੂਰਾ ਕੀਤਾ ਹੈ, ਸਕੂਲੀ ਵਰ੍ਹੇ ਦੌਰਾਨ ਕਵਰ ਕੀਤੇ ਜਾਂਦੇ ਹਨ। ਪਾਠਕ੍ਰਮ ਦੇ 'ਵੱਡੇ ਵਿਚਾਰਾਂ' ਦੀ ਪੜਚੋਲ ਵਿਸ਼ਾ ਖੇਤਰਾਂ ਦੇ ਏਕੀਕਰਨ ਰਾਹੀਂ ਕੀਤੀ ਜਾਵੇਗੀ ਜਿਵੇਂ ਕਿ ਵਿਗਿਆਨ, ਸਮਾਜਕਾਂ, ਅਤੇ ਕਲਾਵਾਂ। ਵਿਦਿਆਰਥੀਆਂ ਕੋਲ ਮਤਲਬ-ਭਰਪੂਰ, ਵਿਹਾਰਕ, ਸਾਖਰਤਾ ਸਰਗਰਮੀਆਂ ਰਾਹੀਂ ਵਿਸ਼ਿਆਂ ਦੀ ਪੜਚੋਲ ਕਰਨ ਦੇ ਮੌਕੇ ਹੋਣਗੇ। ਸਮਰਥਿਤ ਸਮਾਜਕ ਅੰਤਰਕਿਰਿਆਵਾਂ ਵਾਸਤੇ ਉਤਸ਼ਾਹ ਦੇ ਨਾਲ, ਵਿਦਿਆਰਥੀ ਰੋਜ਼ਾਨਾ ਚਾਰਦੀਵਾਰੀ ਤੋਂ ਬਾਹਰੀ ਪੁੱਛਗਿੱਛ ਅਤੇ ਖੇਡ-ਆਧਾਰਿਤ ਸਿੱਖਣ ਦੀਆਂ ਕਿਰਿਆਵਾਂ ਵਿੱਚ ਵੀ ਭਾਗ ਲੈਣਗੇ।

ਸਾਖਰਤਾ ਹੁਨਰਾਂ ਦਾ ਅਭਿਆਸ ਕਰਦੇ ਹੋਏ ਮਜ਼ਾ ਲੈਣਾ, ਨਵੇਂ ਦੋਸਤ ਬਣਾਉਣਾ, ਅਤੇ ਘਰੋਂ ਬਾਹਰ ਸਮੇਂ ਦਾ ਮਜ਼ਾ ਲੈਣਾ, ਸਾਡੇ ਸਾਖਰਤਾ ਐਕਸਪਲੋਰਰਜ਼ ਗਰੇਡ 3/4 ਪ੍ਰੋਗਰਾਮ ਦਾ ਕੇਂਦਰ-ਬਿੰਦੂ ਹੈ।

ਅੰਕ-ਗਣਿਤ ਪੜਚੋਲਕਾਰ 1/2

ਇਹ ਪ੍ਰੋਗਰਾਮ ਉਹਨਾਂ ਸਾਰੇ ਵਿਦਿਆਰਥੀਆਂ ਨੂੰ ਪ੍ਰਦਾਨ ਕਰਾਵੇਗਾ ਜਿੰਨ੍ਹਾਂ ਨੇ ਹੁਣੇ ਹੁਣੇ ਆਪਣੇ ਗਰੇਡ 1 ਜਾਂ 2 ਸਕੂਲੀ ਵਰ੍ਹੇ ਨੂੰ ਪੂਰਾ ਕੀਤਾ ਹੈ, ਉਹਨਾਂ ਨੂੰ ਇੱਕ ਮਜ਼ੇਦਾਰ ਅਤੇ ਮਤਲਬ-ਭਰਪੂਰ ਤਰੀਕੇ ਨਾਲ ਕਵਰ ਕੀਤੇ ਜਾਂਦੇ ਕੁਝ ਮੁੱਢਲੇ ਅੰਕ-ਗਣਿਤ ਹੁਨਰਾਂ ਦੀ ਸਮੀਖਿਆ ਕਰਨ ਅਤੇ ਇਹਨਾਂ ਨੂੰ ਮਜ਼ਬੂਤ ਕਰਨ ਦੇ ਮੌਕੇ ਪ੍ਰਦਾਨ ਕਰਾਵੇਗਾ।ਅੰਕ-ਗਣਿਤ ਦੀਆਂ ਮੁਹਾਰਤਾਂ ਦੀ ਪੜਚੋਲ ਵਿਸ਼ਾ ਖੇਤਰਾਂ ਜਿਵੇਂ ਕਿ ਵਿਗਿਆਨ, ਸਮਾਜਕ ਅਧਿਐਨਾਂ, ਅਤੇ ਕਲਾਵਾਂ ਦੇ ਏਕੀਕਰਨ ਰਾਹੀਂ ਕੀਤੀ ਜਾਵੇਗੀ ਅਤੇ ਇਹਨਾਂ ਵਿੱਚ ਵਿਹਾਰਕ ਤਜ਼ਰਬੇ ਅਤੇ ਸਮੱਸਿਆ-ਹੱਲ ਕਰਨ ਵਾਲੀਆਂ ਪੁੱਛਗਿੱਛਾਂ ਸ਼ਾਮਲ ਹੋਣਗੀਆਂ। ਵਿਦਿਆਰਥੀ ਅੰਕ-ਗਣਿਤ ਦੇ ਸਿਧਾਂਤਾਂ ਬਾਰੇ ਆਪਣੀ ਸਮਝ ਵਿੱਚ ਵਾਧਾ ਕਰਦੇ ਹੋਏ, ਰੋਜ਼ਾਨਾ ਘਰੋਂ ਬਾਹਰ ਅਤੇ ਖੇਡ-ਆਧਾਰਿਤ ਸਿੱਖਿਆ ਵਿੱਚ ਵੀ ਭਾਗ ਲੈਣਗੇ।

ਅੰਕ-ਗਣਿਤ ਦੇ ਹੁਨਰਾਂ ਦਾ ਨਿਰਮਾਣ ਕਰਦੇ ਹੋਏ ਅਤੇ ਇਹਨਾਂ ਦਾ ਅਭਿਆਸ ਕਰਦੇ ਸਮੇਂ ਮਜ਼ਾ ਲੈਣਾ, ਨਵੇਂ ਦੋਸਤ ਬਣਾਉਣਾ, ਅਤੇ ਘਰੋਂ ਬਾਹਰ ਸਮੇਂ ਦਾ ਮਜ਼ਾ ਲੈਣਾ, ਸਾਡੇ ਅੰਕ-ਗਣਿਤ ਐਕਸਪਲੋਰਰਜ਼ ਗਰੇਡ 1/2 ਪ੍ਰੋਗਰਾਮ ਦਾ ਕੇਂਦਰ-ਬਿੰਦੂ ਹੈ!

ਅੰਕ-ਗਣਿਤ ਪੜਚੋਲਕਾਰ 3/4

ਇਹ ਪ੍ਰੋਗਰਾਮ ਉਹਨਾਂ ਸਾਰੇ ਵਿਦਿਆਰਥੀਆਂ ਨੂੰ ਪ੍ਰਦਾਨ ਕਰਾਵੇਗਾ ਜਿੰਨ੍ਹਾਂ ਨੇ ਹੁਣੇ ਹੁਣੇ ਆਪਣੇ ਗਰੇਡ 3 ਜਾਂ 4 ਸਕੂਲੀ ਵਰ੍ਹੇ ਨੂੰ ਪੂਰਾ ਕੀਤਾ ਹੈ, ਉਹਨਾਂ ਨੂੰ ਇੱਕ ਮਜ਼ੇਦਾਰ ਅਤੇ ਮਤਲਬ-ਭਰਪੂਰ ਤਰੀਕੇ ਨਾਲ ਕਵਰ ਕੀਤੇ ਜਾਂਦੇ ਕੁਝ ਮੁੱਢਲੇ ਅੰਕ-ਗਣਿਤ ਹੁਨਰਾਂ ਦੀ ਸਮੀਖਿਆ ਕਰਨ ਅਤੇ ਇਹਨਾਂ ਨੂੰ ਮਜ਼ਬੂਤ ਕਰਨ ਦੇ ਮੌਕੇ ਪ੍ਰਦਾਨ ਕਰਾਵੇਗਾ।ਅੰਕ-ਗਣਿਤ ਦੀਆਂ ਮੁਹਾਰਤਾਂ ਦੀ ਪੜਚੋਲ ਵਿਸ਼ਾ ਖੇਤਰਾਂ ਜਿਵੇਂ ਕਿ ਵਿਗਿਆਨ, ਸਮਾਜਕ ਅਧਿਐਨਾਂ, ਅਤੇ ਕਲਾਵਾਂ ਦੇ ਏਕੀਕਰਨ ਰਾਹੀਂ ਕੀਤੀ ਜਾਵੇਗੀ ਅਤੇ ਇਹਨਾਂ ਵਿੱਚ ਵਿਹਾਰਕ ਤਜ਼ਰਬੇ ਅਤੇ ਸਮੱਸਿਆ-ਹੱਲ ਕਰਨ ਵਾਲੀਆਂ ਪੁੱਛਗਿੱਛਾਂ ਸ਼ਾਮਲ ਹੋਣਗੀਆਂ। ਵਿਦਿਆਰਥੀ ਅੰਕ-ਗਣਿਤ ਦੇ ਸਿਧਾਂਤਾਂ ਬਾਰੇ ਆਪਣੀ ਸਮਝ ਵਿੱਚ ਵਾਧਾ ਕਰਦੇ ਹੋਏ, ਰੋਜ਼ਾਨਾ ਘਰੋਂ ਬਾਹਰ ਅਤੇ ਖੇਡ-ਆਧਾਰਿਤ ਸਿੱਖਿਆ ਵਿੱਚ ਵੀ ਭਾਗ ਲੈਣਗੇ।

ਅੰਕ-ਗਣਿਤ ਦੇ ਹੁਨਰਾਂ ਦਾ ਨਿਰਮਾਣ ਕਰਦੇ ਹੋਏ ਅਤੇ ਇਹਨਾਂ ਦਾ ਅਭਿਆਸ ਕਰਦੇ ਸਮੇਂ ਮਜ਼ਾ ਲੈਣਾ, ਨਵੇਂ ਦੋਸਤ ਬਣਾਉਣਾ, ਅਤੇ ਘਰੋਂ ਬਾਹਰ ਸਮੇਂ ਦਾ ਮਜ਼ਾ ਲੈਣਾ, ਸਾਡੇ ਅੰਕ-ਗਣਿਤ ਐਕਸਪਲੋਰਰਜ਼ ਗਰੇਡ 3/4 ਪ੍ਰੋਗਰਾਮ ਦਾ ਕੇਂਦਰ-ਬਿੰਦੂ ਹੈ!

ਫਰੈਂਚ (en Francais) ਗਰੇਡਾਂ 1/2 ਅਤੇ 3/4 ਵਿੱਚ ਖੋਜਾਂ:

ਇਹ ਪ੍ਰੋਗਰਾਮ ਫਰੈਂਚ ਈਮਰਜ਼ਨ ਪ੍ਰੋਗਰਾਮ ਵਿੱਚ ਦਾਖਲ ਵਿਦਿਆਰਥੀਆਂ ਨੂੰ ਫਰੈਂਚ ਭਾਸ਼ਾ ਕਲਾਵਾਂ ਦੇ ਸਾਰੇ ਖੇਤਰਾਂ ਵਿੱਚ ਆਪਣੇ ਹੁਨਰਾਂ ਦੇ ਭੰਡਾਰ ਨੂੰ ਵਿਕਸਤ ਕਰਨ ਅਤੇ ਇਹਨਾਂ ਦਾ ਵਿਸਤਾਰ ਕਰਨ ਲਈ ਮੌਕੇ ਪ੍ਰਦਾਨ ਕਰਦਾ ਹੈ। ਥੀਮ ਵਾਲੀਆਂ ਇਕਾਈਆਂ ਦੀ ਏਕੀਕਿਰਤ ਵਿਸ਼ਿਆਂ, ਅਤੇ ਫਰੈਂਚ ਸਾਖਰਤਾ ਨਾਲ ਆਹਰੇ ਲੱਗਣ ਲਈ ਵਿਦਿਆਰਥੀਆਂ ਵਾਸਤੇ ਮਤਲਬ-ਭਰਪੂਰ, ਮਜ਼ੇਦਾਰ, ਵਿਹਾਰਕ ਮੌਕਿਆਂ ਦੇ ਨਾਲ ਪੜਚੋਲ ਕੀਤੀ ਜਾਂਦੀ ਹੈ। ਇਸ ਕੋਰਸ ਵਿੱਚ, ਵਿਦਿਆਰਥੀ ਰੋਜ਼ਾਨਾ ਬਾਹਰੀ ਕਿਰਿਆਵਾਂ, ਪੁੱਛਗਿੱਛ ਅਤੇ ਖੇਡ ਆਧਾਰਿਤ ਸਿੱਖਿਆ ਵਿੱਚ ਭਾਗ ਲੈਣਗੇ।

ਆਪਣੀ ਫਰੈਂਚ ਭਾਸ਼ਾ ਦੇ ਹੁਨਰਾਂ ਨੂੰ ਵਿਕਸਤ ਕਰਦੇ ਹੋਏ ਮਜ਼ਾ ਲੈਣਾ, ਨਵੇਂ ਦੋਸਤ ਬਣਾਉਣਾ, ਅਤੇ ਘਰੋਂ ਬਾਹਰ ਸਮੇਂ ਦਾ ਮਜ਼ਾ ਲੈਣਾ, Francais ਗਰੇਡਾਂ 1/2 ਅਤੇ 3/4 ਪ੍ਰੋਗਰਾਮ ਵਿੱਚ ਸਾਡੀਆਂ ਖੋਜਾਂ ਦਾ ਕੇਂਦਰ-ਬਿੰਦੂ ਹੈ!

Leq'à:leqel, ਭੂਮੀ ਅਤੇ ਸਾਖਰਤਾ ਦੀ ਪੜਚੋਲ ਕਰਨਾ Gr. 1-3

ਇਹ ਪ੍ਰੋਗਰਾਮ ਇਨ੍ਡਿਜਨਸ ਸੱਭਿਆਚਾਰ ਰਾਹੀਂ ਸਿੱਖਣ ਅਤੇ ਭਾਸ਼ਾ ਦੀ ਪੜਚੋਲ ਕਰਨ ਲਈ ਬਣਾਇਆ ਗਿਆ ਹੈ। ਇਹ ਕਲਾਸ ਸਾਰੇ ਵਿਦਿਆਰਥੀਆਂ ਲਈ ਖੁੱਲ੍ਹੀ ਹੈ ਪਰ ਇਨ੍ਡਿਜਨਸ ਦੇ ਸਿਖਿਆਰਥੀਆਂ ਨੂੰ ਤਰਜੀਹ ਦਿੱਤੀ ਜਾਵੇਗੀ। ਇਸ ਪੇਸ਼ਕਸ਼ ਵਿੱਚ ਵਿਦਿਆਰਥੀਆਂ ਵਾਸਤੇ ਸਾਖਰਤਾ ਨਾਲ ਆਹਰੇ ਲੱਗਣ ਅਤੇ ਇੱਕ ਮਜ਼ੇਦਾਰ ਬਾਹਰੀ ਅਤੇ ਖੇਡ ਆਧਾਰਿਤ ਵਾਤਾਵਰਣ ਵਿੱਚ ਇਨ੍ਡਿਜਨਸ ਸੱਭਿਆਚਾਰਕ ਸਰਗਰਮੀਆਂ ਵਿੱਚ ਭਾਗ ਲੈਣ ਲਈ ਮਤਲਬ-ਭਰਪੂਰ ਤਜ਼ਰਬੇਕਾਰ ਮੌਕੇ ਸ਼ਾਮਲ ਹੋਣਗੇ।

ਮਜ਼ਾ ਲਓ, ਇਨ੍ਡਿਜਨਸ ਸੱਭਿਆਚਾਰ ਵਿੱਚ ਸ਼ਾਮਲ ਹੋਵੋ, ਨਵੇਂ ਦੋਸਤ ਬਣਾਓ, ਅਤੇ ਸਾਖਰਤਾ ਹੁਨਰਾਂ ਦਾ ਨਿਰਮਾਣ ਕਰਦੇ ਹੋਏ ਅਤੇ ਇਹਨਾਂ ਦਾ ਅਭਿਆਸ ਕਰਦੇ ਸਮੇਂ ਘਰੋਂ ਬਾਹਰ ਸਮੇਂ ਦਾ ਮਜ਼ਾ ਲਓ!

ਗਰੇਡ 5 - 8 ਗਰਮੀਆਂ ਦੀ ਰੁੱਤ ਦੇ ਪੜ੍ਹਚੋਲਕਾਰ

ਵਿਦਿਆਰਥੀ ਦੀ ਤੰਦਰੁਸਤੀ ਅਤੇ ਹੁਨਰ-ਨਿਰਮਾਣ ਇਸ 3-ਹਫਤੇ ਦੇ, ਪੁੱਛਗਿੱਛ-ਆਧਾਰਿਤ ਪੜ੍ਹਚੋਲ ਪ੍ਰੋਗਰਾਮ ਦੀ ਨੀਂਹ ਹੈ। ਹਰੇਕ ਪ੍ਰੋਗਰਾਮ ਵਿੱਚ ਕੇਂਦਰਿਤ ਸਾਖਰਤਾ, ਜਾਂ ਅੰਕ-ਗਣਿਤ, ਪੜ੍ਹਾਈ ਸ਼ਾਮਲ ਹੋਵੇਗੀ ਅਤੇ ਇਹ ਵਿਦਿਆਰਥੀਆਂ ਨੂੰ ਸੂਬਾਈ ਪਾਠਕ੍ਰਮ ਤੋਂ ਮਿਲੇ ਇੱਕ ਵੱਡੇ ਵਿਚਾਰ ਬਾਬਤ ਇੱਕ ਮਤਲਬ-ਭਰਪੂਰ ਗਹਿਰੀ ਸਿੱਖਿਆ ਦਾ ਤਜ਼ਰਬਾ ਪ੍ਰਦਾਨ ਕਰਾਵੇਗਾ। ਹਰ ਸਿੱਖਣ ਵਾਲੇ ਭਾਈਚਾਰੇ ਵਿੱਚ ਰੋਜ਼ਾਨਾ ਸਰੀਰਕ ਕਿਰਿਆ ਅਤੇ ਇਨ੍ਡਿਜਨਸ ਦੇ ਸਿੱਖਣ ਦੇ ਸਿਧਾਂਤਾਂ ਦਾ ਨਿਰਮਾਣ ਕੀਤਾ ਜਾਵੇਗਾ।

Leq'à:leqel, ਗਰੇਡਾਂ 5 -8 ਵਾਸਤੇ ਇੱਕ ਚਾਰਦੀਵਾਰੀ ਤੋਂ ਬਾਹਰੀ ਤਜ਼ਰਬਾ

ਇਹ ਪ੍ਰੋਗਰਾਮ ਇਨ੍ਡਿਜਨਸ ਸੱਭਿਆਚਾਰ ਰਾਹੀਂ ਜ਼ਮੀਨ ਤੋਂ ਸਿੱਖਣ ਦੀ ਪੜ੍ਹਚੋਲ ਕਰਨ ਲਈ ਬਣਾਇਆ ਗਿਆ ਹੈ। ਇਹ ਚਾਰਦੀਵਾਰੀ ਤੋਂ ਬਾਹਰੀ ਸਿੱਖਿਆ ਪ੍ਰੋਗਰਾਮ ਵਿਦਿਆਰਥੀਆਂ ਨੂੰ ਆਪਣੇ ਆਲੇ-ਦੁਆਲੇ, ਇਕੱਠੇ ਕਰਨ ਦੀਆਂ ਰਵਾਇਤੀ ਪ੍ਰਥਾਵਾਂ ਅਤੇ ਸਾਡੇ ਵਾਤਾਵਰਣ ਨੂੰ ਬਣਾਈ ਰੱਖਣ ਬਾਰੇ ਸਿੱਖਣ ਦਾ ਮੌਕਾ ਪ੍ਰਦਾਨ ਕਰੇਗਾ। ਸਥਾਨਕ ਪਗਡੰਡੀਆਂ, ਬਨਸਪਤੀ, ਅਤੇ ਜੀਵ-ਜੰਤੂਆਂ ਦੀ ਖੋਜ ਕਰਨ ਲਈ ਵਿਦਿਆਰਥੀਆਂ ਕੋਲ ਇੱਕ ਪ੍ਰਯੋਗਾਤਮਕ ਸਿੱਖਣ ਦਾ ਮੌਕਾ ਹੋਵੇਗਾ। ਆਓ ਅਸੀਂ ਤੁਹਾਨੂੰ ਕੁਝ ਬਾਹਰੀ ਸਾਹਸ ਲਈ ਗਿਣੀਏ!

ਮਿਊਜ਼ਿਕ ਪਰਫਾਰਮਿੰਗ ਆਰਟਸ ਗਰੇਡ 6 – 8

ਮਿਊਜ਼ਿਕ ਪਰਫਾਰਮਿੰਗ ਆਰਟਸ ਪ੍ਰੋਗਰਾਮ ਵਿਦਿਆਰਥੀਆਂ ਨੂੰ ਉਹਨਾਂ ਦੀਆਂ ਸੰਗੀਤਕ ਅਤੇ ਬੈਂਡ ਮੁਹਾਰਤਾਂ ਨੂੰ ਹੋਰ ਸੁਧਾਰਨ ਦਾ ਮੌਕਾ ਪ੍ਰਦਾਨ ਕਰੇਗਾ। ਵਿਦਿਆਰਥੀਆਂ ਨੂੰ ਬੈਂਡ ਦਾ ਤਜ਼ਰਬਾ ਹੋਣਾ ਚਾਹੀਦਾ ਹੈ ਅਤੇ ਉਹ ਨਵੇਂ ਸੰਗੀਤਕ ਟੁਕੜਿਆਂ ਨੂੰ ਵਜਾਉਣਾ ਸਿੱਖਣਗੇ। ਉਹ ਆਪਣੇ ਪ੍ਰੋਗਰਾਮ ਨੂੰ ਸੰਗੀਤਕ ਪੇਸ਼ਕਾਰੀ ਨਾਲ ਖਤਮ ਕਰਨਗੇ। ਮੋਜ਼ਾਰਟ ਨੂੰ ਦੇਖਦੇ ਰਹੋ, ਤੁਹਾਡਾ ਕੁਝ ਮੁਕਾਬਲਾ ਹੋ ਸਕਦਾ ਹੈ!

ਡਰਾਮਾ ਪਰਫਾਰਮਿੰਗ ਆਰਟਸ ਗਰੇਡ 5 – 8

ਡਰਾਮਾ ਪਰਫਾਰਮਿੰਗ ਆਰਟਸ ਪ੍ਰੋਗਰਾਮ ਵਿਦਿਆਰਥੀਆਂ ਨੂੰ ਉਹਨਾਂ ਦੇ ਅਭਿਨੈ ਅਤੇ ਪ੍ਰਦਰਸ਼ਨ ਦੇ ਹੁਨਰਾਂ ਵਿੱਚ ਵਾਧਾ ਕਰਨ ਦਾ ਮੌਕਾ ਪ੍ਰਦਾਨ ਕਰੇਗਾ। ਜਦ ਵਿਦਿਆਰਥੀ ਨਾਟਕ ਰੂਪਾਂ ਅਤੇ ਰਵਾਇਤਾਂ ਦੀ ਪੜ੍ਹਚੋਲ ਕਰਦੇ ਹਨ ਤਾਂ ਵਿਦਿਆਰਥੀ ਦੀ ਸਿੱਖਿਆ ਪ੍ਰਗਟਾਵੇ, ਡੰਗ-ਟਪਾਊ ਤਰੀਕੇ ਅਤੇ ਪੇਸ਼ਕਾਰੀ 'ਤੇ ਧਿਆਨ ਕੇਂਦਰਤ ਕਰੇਗੀ। ਉਹ ਆਪਣੇ ਪ੍ਰੋਗਰਾਮ ਨੂੰ ਇੱਕ ਰੰਗਮੰਚੀ ਪ੍ਰਦਰਸ਼ਨ ਨਾਲ ਖਤਮ ਕਰਨਗੇ ਜੋ ਤੁਹਾਡੀਆਂ ਸਾਰੀਆਂ ਬਰੌਡਵੇਅ ਉਮੀਦਾਂ ਅਤੇ ਸੁਪਨਿਆਂ ਨਾਲ ਮੇਲ ਖਾਂਦਾ ਹੈ।

ਵਿਜ਼ੁਅਲ ਆਰਟਸ ਗਰੇਡ 5 – 8

ਵਿਜ਼ੁਅਲ ਆਰਟਸ ਪ੍ਰੋਗਰਾਮ ਵਿਦਿਆਰਥੀਆਂ ਨੂੰ ਉਹਨਾਂ ਦੀਆਂ ਕਲਾਤਮਕ ਪ੍ਰਤਿਭਾਵਾਂ ਨੂੰ ਸੁਧਾਰਨ ਦਾ ਮੌਕਾ ਪ੍ਰਦਾਨ ਕਰੇਗਾ। ਵਿਦਿਆਰਥੀ ਸਥਾਨਕ ਕਲਾਕਾਰਾਂ, ਕਲਾਤਮਕ ਪ੍ਰਕਿਰਿਆ ਬਾਰੇ ਸਿੱਖਣਗੇ ਅਤੇ ਆਪਣੀ ਖੁਦ ਦੇ ਕਲਾਤਮਕ ਟੁਕੜਿਆਂ ਨੂੰ ਡਿਜ਼ਾਈਨ ਕਰਨ ਰਾਹੀਂ ਆਪਣੀ ਸਿਰਜਣਾਤਮਕਤਾ ਨੂੰ ਵਹਿਣ ਦੇਣਗੇ। ਉਹ ਸਹਿਕਾਰਤਾ ਦੇ ਹੁਨਰਾਂ 'ਤੇ ਕੰਮ ਕਰਨਗੇ ਕਿਉਂਕਿ ਉਹ

ਇੱਕ ਅੰਤਮ ਕੰਧ-ਚਿੱਤਰ ਮਾਸਟਰਪੀਸ' ਤੇ ਮਿਲ ਕੇ ਕੰਮ ਕਰਦੇ ਹਨ। ਤੁਸੀਂ ਕਿਹੜੀਆਂ ਰਚਨਾਤਮਕ ਰਚਨਾਵਾਂ ਦਾ ਨਿਰਮਾਣ ਕਰ ਸਕਦੇ ਹੋ?

ਰੋਬੋਟਿਕਸ ਗਰੇਡ 5 – 8

ਰੋਬੋਟਿਕਸ ਪ੍ਰੋਗਰਾਮ ਵਿਦਿਆਰਥੀਆਂ ਨੂੰ ਕੋਡਿੰਗ, ਰੋਬੋਟਿਕਸ ਸਿੱਖਣ ਅਤੇ ਤਰਕਸ਼ੀਲ ਸੋਚ ਅਤੇ ਫੈਸਲੇ ਲੈਣ ਦਾ ਵਿਕਾਸ ਕਰਨ ਦਾ ਮੌਕਾ ਪ੍ਰਦਾਨ ਕਰੇਗਾ। ਇਹ ਪ੍ਰੋਗਰਾਮ ਵਿਦਿਆਰਥੀਆਂ ਦੀਆਂ ਟੀਮ-ਨਿਰਮਾਣ ਦੀਆਂ ਮੁਹਾਰਤਾਂ 'ਤੇ ਨਿਰਮਾਣ ਕਰਨ ਵਿੱਚ ਮਦਦ ਕਰੇਗਾ ਜਦ ਉਹ ਮਜ਼ੇਦਾਰ ਚੁਣੌਤੀਆਂ ਨੂੰ ਪੂਰਾ ਕਰਨ ਲਈ ਮਿਲਕੇ ਕੰਮ ਕਰਦੇ ਹਨ। ਵਿਦਿਆਰਥੀ ਸਕ੍ਰੈਚ ਵਰਗੇ ਔਨਲਾਈਨ ਪਲੇਟਫਾਰਮਾਂ ਰਾਹੀਂ ਪ੍ਰੋਗਰਾਮਿੰਗ ਸਾਖਰਤਾ ਬਾਰੇ ਵੀ ਸਿੱਖਣਗੇ। ਅਸੀਂ ਆਪਣੇ ਭਵਿੱਖ ਦੇ ਐਲਨ ਮਸਕ ਦੀ ਭਰਤੀ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ!

ਭੋਜਨ ਅਧਿਐਨ ਗਰੇਡ 5 –8

ਫੂਡ ਸਟੱਡੀਜ਼ ਪ੍ਰੋਗਰਾਮ ਵਿਦਿਆਰਥੀਆਂ ਨੂੰ ਪਕਵਾਨ-ਵਿਧੀਆਂ ਨੂੰ ਪੂਰਾ ਕਰਦੇ ਸਮੇਂ ਭੋਜਨ ਦੀ ਤਿਆਰੀ ਬਾਰੇ ਸਿੱਖਣ ਦਾ ਮੌਕਾ ਪ੍ਰਦਾਨ ਕਰੇਗਾ। ਉਹ ਮਲਟੀਕਲਚਰਲ ਅਤੇ ਸਭਿਆਚਾਰਕ ਭੋਜਨਾਂ ਦੀ ਪੜਚੋਲ ਕਰਨਗੇ ਅਤੇ ਸਿੱਖਣਗੇ ਕਿ ਉਹ ਕਿਵੇਂ ਤਿਆਰ ਕੀਤੇ ਜਾਂਦੇ ਹਨ। ਪੜ੍ਹਨਾ, ਲਿਖਣਾ, ਮਾਪਣਾ ਅਤੇ ਰੁਪਾਂਤਰਣ ਸਾਰਿਆਂ ਨੂੰ ਇਹਨਾਂ 3 ਹਫਤਿਆਂ ਦੌਰਾਨ ਕਵਰ ਕੀਤਾ ਜਾਵੇਗਾ। ਕੀ ਐਬਟਸਫੋਰਡ ਵਿੱਚ ਸਾਡੇ ਕੋਲ ਕੋਈ ਮਾਸਟਰ ਸ਼ੈੱਫ ਹਨ?

STEM/ਸ੍ਟੇਮ ਗਰੇਡ 5 – 8

STEM ਪ੍ਰੋਗਰਾਮ ਵਿਦਿਆਰਥੀਆਂ ਨੂੰ ਇਹ ਸਿੱਖਣ ਦਾ ਮੌਕਾ ਪ੍ਰਦਾਨ ਕਰੇਗਾ ਕਿ ਉਹਨਾਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਸਵਾਲ-ਜਵਾਬੀ ਤਰੀਕੇ ਨਾਲ ਕਿਵੇਂ ਸੋਚਣਾ ਹੈ ਜਿੰਨ੍ਹਾਂ ਵਿੱਚ ਢਾਂਚੇ ਬਣਾਉਣਾ, ਔਜ਼ਾਰਾਂ ਅਤੇ ਡਿਜ਼ਾਈਨ ਦੀ ਵਰਤੋਂ ਕਰਨਾ ਸ਼ਾਮਲ ਹੈ। ਹਫਤਾਵਰੀ ਚੁਣੌਤੀਆਂ ਹੋਣਗੀਆਂ ਜਿੰਨ੍ਹਾਂ ਵਿੱਚ ਵਿਗਿਆਨ, ਤਕਨਾਲੋਜੀ, ਇੰਜੀਨੀਅਰਿੰਗ, ਸਿਰਜਣਾਤਮਕਤਾ ਅਤੇ ਗਣਿਤ ਸ਼ਾਮਲ ਹਨ। ਜੇ ਤੁਸੀਂ ਸੋਚਣਾ, ਡਰਾਅ ਬਣਾਉਣਾ ਅਤੇ ਬਣਾਉਣਾ ਪਸੰਦ ਕਰਦੇ ਹੋ, ਤਾਂ ਇਹ ਪ੍ਰੋਗਰਾਮ ਤੁਹਾਡੇ ਲਈ ਹੋ ਸਕਦਾ ਹੈ।

ਫਰੈਂਚ ਈਮਰਜ਼ਨ ਐਕਸਪ੍ਰੈਸ਼ਨ ਗਰੇਡ 5 – 8

ਫਰੈਂਚ ਈਮਰਜ਼ਨ (French Immersion) ਪ੍ਰੋਗਰਾਮ ਵਿਦਿਆਰਥੀਆਂ ਨੂੰ ਉਹਨਾਂ ਦੇ ਫਰੈਂਚ ਬੋਲਣ ਅਤੇ ਸਾਖਰਤਾ ਦੇ ਹੁਨਰਾਂ ਨੂੰ ਸੁਧਾਰਨ ਦਾ ਮੌਕਾ ਪ੍ਰਦਾਨ ਕਰੇਗਾ। ਉਹ ਵਾਰਤਾਲਾਪਾਂ, ਸਰਗਰਮੀਆਂ ਅਤੇ ਸੁਧਾਰ ਕਰਨ ਦੀਆਂ ਤਕਨੀਕਾਂ 'ਤੇ ਧਿਆਨ ਕੇਂਦਰਿਤ ਕਰਨਗੇ ।

ਵਧੇਰੇ ਸ਼ਬਦਾਵਲੀ ਅਤੇ ਸਹੀ ਸੂਝ-ਬੂਝ ਅਤੇ ਉਚਾਰਨ ਸਿੱਖਣ ਲਈ ਵਰਤਮਾਨ ਸਮੇਂ ਵਿਦਿਆਰਥੀਆਂ ਨੂੰ ਲਾਜ਼ਮੀ ਤੌਰ 'ਤੇ ਫਰੈਂਚ ਈਮਰਜ਼ਨ ਡਿਸਟ੍ਰਿਕਟ ਪ੍ਰੋਗਰਾਮ ਵਿੱਚ ਦਾਖਲ ਕੀਤਾ ਜਾਣਾ ਚਾਹੀਦਾ ਹੈ। "ਵੂਲੇਜ਼-ਵੂਸ ਪਾਰਲਰ ਐਵਿਕ ਮੋਈ/ਕੀ ਤੁਸੀਂ ਮੇਰੇ ਨਾਲ ਗੱਲ ਕਰਨਾ ਚਾਹੁੰਦੇ ਹੋ ?"